ਬੈਂਕ ਆਫ਼ ਕੈਨੇਡਾ

ਤੁਰੰਤ ਜਾਰੀ ਕੀਤੇ ਜਾਣ ਲਈ
13 ਅਕਤੂਬਰ 2004

ਸੰਪਰਕ: ਐਨੀ ਪੋਰਟੀਲਾਂਸ
(613) 782-8782

## ਬੈਂਕ ਆਫ਼ ਕੈਨੇਡਾ ਨੇ 50 ਡਾਲਰ ਦੇ ਨਵੇਂ ਨੋਟ ਦੀ ਘੁੰਢ-ਚੁਕਾਈ ਕੀਤੀ

**ਕੈਲਗਰੀ**— ਬੈਂਕ ਆਫ਼ ਕੈਨੇਡਾ ਨੇ ਅੱਜ ਕੈਨੇਡਾ ਦੇ 50 ਡਾਲਰ ਦੇ ਨਵੇਂ ਨੋਟ, ਜਿਸ ਦਾ ਵਿਸ਼ਾ ਹੈ “ਕੌਮ ਉਸਾਰੀ: ਲੋਕਤੰਤਰ ਅਤੇ ਬਰਾਬਰੀ ਵਾਸਤੇ ਰਾਜਨੀਤਕ, ਕਾਨੂੰਨੀ ਅਤੇ ਸਮਾਜਿਕ ਢਾਂਚਿਆਂ ਨੂੰ ਸ਼ਕਲ ਦੇਣੀ”, ਦੀ ਘੁੰਢ-ਚੁਕਾਈ ਕੀਤੀ। ਕੈਲਗਰੀ, ਅਲਬਰਟਾ, ਵਿਖੇ ਮਾਣਯੋਗ ਸੈਨੇਟਰ ਜੋਇਸ ਫੇਅਰਬੇਅਰਨ ਅਤੇ ਬੈਂਕ ਆਫ਼ ਕੈਨੇਡਾ ਦੇ ਗਵਰਨਰ ਡੇਵਿਡ ਡਾਜ ਨੇ ਇੱਕ ਸਮਾਗਮ ਦੌਰਾਨ ਨਵੇਂ ਨੋਟ ਦੀ ਘੁੰਢ-ਚੁਕਾਈ ਕੀਤੀ।

ਇਹ 50 ਡਾਲਰ ਦਾ ਨਵਾਂ ਨੋਟ *ਕੈਨੇਡੀਅਨ ਜਰਨੀ* ਲੜੀ ਦਾ ਆਖ਼ਰੀ ਨੋਟ ਹੈ, ਅਤੇ ਇਸ ਵਿੱਚ ਇਸ ਸਾਲ ਦੇ ਆਰੰਭ ਵਿੱਚ ਜਾਰੀ ਕੀਤੇ ਗਏ 20 ਡਾਲਰ ਅਤੇ 100 ਡਾਲਰ ਦੇ ਨੋਟਾਂ ਨਾਲ ਮਿਲਦੇ-ਜੁਲਦੇ ਨਕਲ ਕੀਤੇ ਜਾਣ ਵਿਰੋਧੀ ਸੁਰੱਖਿਆਤਮਕ ਗੁਣ ਪਾਏ ਗਏ ਹਨ। ਇਨ੍ਹਾਂ ਵਿੱਚ ਸ਼ਾਮਿਲ ਹਨ ਇੱਕ ਧਾਤ ਦੀ ਹੋਲੋਗ੍ਰਾਫਿਕ ਪੱਟੀ, ਇੱਕ ਜਲ-ਚਿੰਨ੍ਹ (ਵਾਟਰਮਾਰਕ) ਚਿੱਤਰ, ਕਾਗਜ ਵਿੱਚ ਹੀ ਗੁੰਦਿਆ ਹੋਇਆ ਇੱਕ ਡੱਬੀਦਾਰ ਰੰਗ ਬਦਲਣ ਵਾਲਾ ਧਾਗਾ, ਅਤੇ 50 ਦਾ ਇੱਕ ਪਾਰਦਰਸ਼ੀ ਅੰਕ। ਨਵੇਂ ਨੋਟ ਵਿੱਚ ਕਈ ਵਧਾਏ ਗਏ ਸੁਰੱਖਿਆਤਮਕ ਗੁਣ ਵੀ ਹਨ, ਜਿਵੇਂ ਉੱਭਰੀ ਹੋਈ ਸਿਆਹੀ (ਇੰਟੈਲੀਓ), ਬਰੀਕ ਛਪਾਈ, ਅਤੇ ਅਲਟਰਾਵਾਇਲੈੱਟ ਰੌਸ਼ਨੀ ਥੱਲੇ ਲਾਲ ਅਤੇ ਪੀਲੀ ਭਾਅ ਮਾਰਨਾ।

ਇਹ ਉੱਤਮ ਸੁਰੱਖਿਆਤਮਕ ਗੁਣ ਬੈਂਕ ਦੇ ਕੈਨੇਡਾ ਵਿਚਲੇ ਅਤੇ ਕੈਨੇਡਾ ਤੋਂ ਬਾਹਰਲੇ, ਦੋਵ੍ਹਾਂ ਥਾਵਾਂ ਦੇ ਭਾਈਵਾਲਾਂ ਦੇ ਸਹਿਯੋਗ ਨਾਲ ਵਿਕਸਤ ਕੀਤੇ ਗਏ ਹਨ, ਗਵਰਨਰ ਨੇ ਘੁੰਢ-ਚੁਕਾਈ ਦੀ ਰਸਮ ਵੇਲੇ ਦੱਸਿਆ। “ਪ੍ਰੰਤੂ”, ਉਨ੍ਹਾਂ ਨੇ ਅੱਗੋਂ ਕਿਹਾ, “ਸਭ ਤੋਂ ਵਧੀਆ ਸੁਰੱਖਿਆਤਮਕ ਗੁਣ ਵੀ ਤਦ ਹੀ ਫਾਇਦੇਮੰਦ ਹਨ ਜੇ ਕਰ ਕੈਨੇਡਾ ਵਾਸੀ ਉਨ੍ਹਾਂ ਦੀ ਵਰਤੋਂ ਕਰਦੇ ਹਨ। ਅਤੇ ਇਹੋ ਹੀ ਉਹ ਖੇਤਰ ਹੈ ਜਿੱਥੇ ਨਕਲੀ ਨੋਟਾਂ ਨੂੰ ਬਜ਼ਾਰ ਵਿੱਚੋਂ ਬਾਹਰ ਕਰਨ ਵਿੱਚ ਤੁਸੀਂ ਫ਼ਰਕ ਪਾ ਸਕਦੇ ਹੋ।”

ਕੌਮੀ ਉਸਾਰੀ ਦੇ ਵਿਸ਼ੇ ਨਾਲ ਮੇਲ ਖਾਂਦਿਆਂ 50 ਡਾਲਰ ਦੇ ਨੋਟ ਦੇ ਪਿਛਲੇ ਹਿੱਸੇ ਵਿੱਚ 1948 ਵਿੱਚ ਸੰਯੁਕਤ ਰਾਸ਼ਟਰ ਦੀ ਜਨਰਲ ਅਸੈਂਬਲੀ ਵੱਲੋਂ ਅਪਨਾਏ ਗਏ *ਯੂਨੀਵਰਸਲ ਡੈਕਲਾਰੇਸ਼ਨ ਆਫ਼ ਹਿਊਮਨ ਰਾਈਟਸ* ਦੀ ਧਾਰਾ ਇੱਕ ਵਿੱਚੋਂ ਇੱਕ ਹਵਾਲਾ ਛਾਪਿਆ ਗਿਆ ਹੈ। ਇਸ ਮੁਤਾਬਕ “ਸਭ ਮਨੁੱਖ ਜਨਮ ਪੱਖੋਂ ਸੁਤੰਤਰ ਮੁਰਾਤਬੇ ਅਤੇ ਹੱਕਾਂ ਅਨੁਸਾਰ ਬਰਾਬਰ ਹਨ।” ਇਸ ਨੋਟ ਵਿੱਚ ਚਾਰ ਅਜਿਹੇ ਚਿੱਤਰ ਵੀ ਹਨ ਜਿਨ੍ਹਾਂ ਵਿੱਚ ਇਤਿਹਾਸ ਦੌਰਾਨ ਕੈਨੇਡਾ ਵਿੱਚ ਲੋਕਤੰਤਰ ਅਤੇ ਹੱਕਾਂ ਦੀ ਅਜ਼ਾਦੀ ਦੀ ਤਰੱਕੀ ਨੂੰ ਉਜਾਗਰ ਕੀਤਾ ਗਿਆ ਹੈ। ਇਹ ਹਨ *ਫੇਮਸ ਫਾਈਵ* ਨਾਮੀ ਔਰਤਾਂ ਦੇ ਗਰੁੱਪ ਦਾ ਬੁੱਤ, 1929 ਦੇ ਇੱਕ ਅਖ਼ਬਾਰ ਦੀ ਸੁਰਖੀ ਜਿਸ ਵਿੱਚ “ਔਰਤਾਂ ਵੀ ਵਿਅਕਤੀ ਹਨ” ਕਿਹਾ ਗਿਆ ਹੈ, ਥਰੀਸਾ ਕੈਸਗ੍ਰੇਨ ਵਾਲੰਟੀਅਰ ਅਵਾਰਡ, ਅਤੇ ਇਨਸਾਫ਼ ਦਾ ਤਰਾਜੂ।

ਬੈਂਕ ਨੋਟ “ਇੱਕ ਰਾਸ਼ਟਰੀ ਚਿੰਨ੍ਹ ਅਤੇ ਮਾਣ ਦਾ ਵਸੀਲਾ ਹਨ,” ਸੈਨੇਟਰ ਫੇਅਰਬੇਅਰਨ ਨੇ ਕਿਹਾ। “ਇਸ ਲਈ ਇਹ ਢੁਕਵੀਂ ਗੱਲ ਹੋਵੇਗੀ ਕਿ ਸਾਡੇ ਬੈਂਕ ਨੋਟਾਂ ਉੱਤਲੇ ਚਿੱਤਰ ਸਮਾਜ ਦੇ ਉਨ੍ਹਾਂ ਤੱਤਾਂ ਦੀ ਨੁਮਾਇੰਦਗੀ ਕਰਨ ਜਿਨ੍ਹਾਂ ਨਾਲ ਸਾਨੂੰ ਆਪਣੀ ਸ਼ਨਾਖਤ ਕਰਨ ਵਿੱਚ ਮਦਦ ਮਿਲਦੀ ਹੈ। ਇਹ 50 ਡਾਲਰ ਦਾ ਨਵਾਂ ਨੋਟ ਉਨ੍ਹਾਂ ਕੈਨੇਡੀਅਨ ਨਾਗਰਿਕਾਂ ਦੇ ਜਸ਼ਨ ਮਨਾਉਂਦਾ ਹੈ ਜਿਨ੍ਹਾਂ ਨੇ ਸਾਡੇ ਇਤਿਹਾਸ ਦੇ ਹਰ ਦੌਰ ਵਿੱਚ ਕੈਨੇਡਾ ਨੂੰ ਦੁਨੀਆਂ ਦੇ ਸਭ ਤੋਂ ਵੱਧ ਲੋਕਤੰਤਰੀ ਮੁਲਕਾਂ ਵਿੱਚ ਸ਼ਾਮਲ ਕਰਨ ਵਿੱਚ ਮਦਦ ਕੀਤੀ ਹੈ – ਇੱਕ ਅਜਿਹੀ ਜਗ੍ਹਾ ਜਿੱਥੇ ਵਿਅਕਤੀਗਤ ਕੈਨੇਡੀਅਨਾਂ ਦੇ ਹੱਕ ਅਤੇ ਅਜ਼ਾਦੀਆਂ ਸੁਰੱਖਿਅਤ ਹਨ।”

ਇਹ 50 ਡਾਲਰ ਦਾ ਨਵਾਂ ਨੋਟ 17 ਨਵੰਬਰ 2004 ਤੋਂ ਚਲਾਏ ਜਾਣ ਲਈ ਜਾਰੀ ਕਰ ਦਿੱਤਾ ਜਾਵੇਗਾ ਅਤੇ ਉਸ ਤਾਰੀਖ਼ ਤੋਂ ਕੁੱਝ ਦਿਨਾਂ ਦੇ ਅੰਦਰ-ਅੰਦਰ ਮੁਲਕ ਭਰ ਵਿੱਚ ਉਪਲਬਧ ਹੋਵੇਗਾ। ਜਦੋਂ ਕਿ ਬੈਂਕ ਇਸ ਨੋਟ ਨੂੰ ਜਾਰੀ ਕਰਨ ਲਈ ਤਿਆਰ ਕਰ ਰਿਹਾ ਹੈ, ਇਹ ਕਾਨੂੰਨ ਲਾਗੂ ਕਰਨ ਵਾਲੇ ਅਦਾਰਿਆਂ, ਵਿੱਤੀ ਸੰਸਥਾਵਾਂ, ਅਤੇ ਪਰਚੂਨ ਅਤੇ ਮਹਿਮਾਨ-ਨਿਵਾਜ਼ੀ ਉਦਯੋਗ ਨਾਲ ਮਿਲ ਕੇ ਉਨ੍ਹਾਂ ਨੂੰ ਨਵੇਂ ਨੋਟਾਂ ਨਾਲ ਵਾਕਫ਼ ਕਰਾਉਣ ਲਈ ਕੰਮ ਕਰਨਾ ਜਾਰੀ ਰੱਖ ਰਿਹਾ ਹੈ।

ਪਹਿਲੀਆਂ ਲੜੀਆਂ ਦੇ ਬੈਂਕ ਨੋਟ ਹਾਲੇ ਵੀ ਕਾਨੂੰਨੀ ਤੌਰ ਤੇ ਜਾਇਜ਼ ਧਨ ਹਨ। ਕੈਨੇਡੀਅਨ ਬੈਂਕ ਨੋਟਾਂ ਅਤੇ ਉਨ੍ਹਾਂ ਦੇ ਸੁਰੱਖਿਆ ਗੁਣਾਂ ਬਾਰੇ ਵਧੇਰੇ ਜਾਣਕਾਰੀ ਲਈ www.bankofcanada.ca/en/banknotes/. ਤੇ ਜਾਉ।

**ਸੰਪਾਦਕਾ ਲਈ ਨੋਟ:**

- ਘੁੰਢ-ਚੁਕਾਈ ਦੀ ਰਸਮ ਦੀ ਇੱਕ ਫ਼ੋਟੋ ਸ਼ਾਮ 3 ਵਜੇ (ਈ.ਡੀ.ਟੀ.) ਮੁਤਾਬਕ *ਕੈਨੇਡਾ ਨਿਊਜ਼ਵਾਇਰ* ਤੇ ਉਪਲਬਧ ਹੋਵੇਗੀ।
- 50 ਡਾਲਰ ਦੇ ਨਵੇਂ ਨੋਟ ਦੇ ਅਗਲੇ ਅਤੇ ਪਿਛਲੇ ਪਾਸੇ ਦੀਆਂ ਤਸਵੀਰਾਂ ਵਾਲੀ ਇੱਕ ਸੀ.ਡੀ., ਅਤੇ ਨਵੇਂ ਨੋਟ ਦੇ ਉਤਪਾਦਨ ਅਤੇ ਇਸ ਦੇ ਸੁਰੱਖਿਆ ਗੁਣਾਂ ਦੀ ਇੱਕ ਬੀਟਾ ਟੇਪ ਬੇਨਤੀ ਕੀਤੇ ਜਾਣ ਤੇ ਸੰਚਾਰ ਮਾਧਿਅਮਾਂ ਲਈ ਉਪਲਬਧ ਹਨ।